# ਚੋਰ ਉਚੱਕਾ ਚੌਧਰੀ ਗੁੰਡੀ ਰੰਨ ਪ੍ਰਧਾਨ

ਅਮਰੀਕਾ ਦਾ ਕੋਈ ਨਾ ਕੋਈ ਅਹਿਮ ਵਜ਼ੀਰ ਜਾਂ ਅਫਸਰ ਏਸ਼ੀਆ ਦੇ ਦੌਰੇ ਤੇ ਤੁਰਿਆ ਹੀ ਰਹਿੰਦਾ ਹੈ। ਪਿਛਲੇ ਦਿਨੀਂ ਅਮਰੀਕੀ ਵਜ਼ੀਰ ਖ਼ਾਰਜਾ ਹਿਲਰੀ ਕਲਿੰਟਨ ਨੇ ਹਿੰਦੁਸਤਾਨ ਦਾ ਦੌਰਾ ਕੀਤਾ। ਇਹ ਸਾਰੀ ਕਾਰਵਾਈ ਅਮਰੀਕਨ ਸਾਮਰਾਜ ਏਸ਼ੀਆ ਤੇ ਦਾਬਾ ਮਾਰਨ ਲਈ ਕਰ ਰਿਹਾ ਹੈ। ਅਫ਼ਗਾਨਿਸਤਾਨ, ਇਰਾਕ ਅਤੇ ਪਾਕਿਸਤਾਨ ਵਿਚ ਤਾਂ ਇਸ ਦੀਆਂ ਫੌਜਾਂ ਮਨਮਾਨੀ ਕਰਦੀਆਂ ਹਨ, ਏਸ਼ੀਆ ਦੇ ਹੋਰਨਾਂ ਮੁਲਕਾਂ ਵਿਚ ਵੀ ਇਹ ਹਰ ਦਾਅ-ਪੇਚ ਨਾਲ ਆਪਣੇ ਅੱਡੇ ਪੱਕੇ ਕਰਨਾ ਚਾਹੁੰਦਾ ਹੈ। ਇੱਕੀਵੀਂ ਸਦੀ ਏਸ਼ੀਆ ਦੀ ਸਦੀ ਹੈ ਇਸ ਲਈ ਏਸ਼ੀਆ ਦੀ ਲੁੱਟ ਲਈ ਅਮਰੀਕਾ ਆਪਣੇ ਪੈਰ ਪੱਕੇ ਕਰਨ ਦੀ ਹਰੇਕ ਕੋਸ਼ਿਸ਼ ਕਰ ਰਿਹਾ ਹੈ।

ਦੱਖਣੀ ਏਸ਼ੀਆ ਅਤੇ ਏਸ਼ੀਆ ਪੈਸੀਫਿਕ ਵਿਚ ਅਮਰੀਕਨ ਸਾਮਰਾਜ ਦੀ ਨੀਤੀ ਹੈ ਕਿ ਇਹ ਹਿੰਦੁਸਤਾਨ ਨੂੰ ਇਸ ਖ਼ਿੱਤੇ ਦਾ ਚੌਧਰੀ ਬਣਾ ਕੇ ਇਥੇ ਆਪਣੇ ਪੈਰ ਪੱਕੇ ਕਰਨਾ ਚਾਹੁੰਦਾ ਹੈ। ਅਮਰੀਕਾ ਦੀ ਮਨਸ਼ਾ ਹੈ ਕਿ ਜਿਸ ਤਰਾਂ ਮੱਧ ਏਸ਼ੀਆ ਵਿਚ ਇਸਰਾਈਲ ਹੈ ਇਸੇ ਤਰਾਂ ਹੀ ਏਸ਼ੀਆ ਵਿਚ ਹਿੰਦੁਸਤਾਨ ਨੂੰ ਆਪਣੇ ਸੌੜੇ ਹਿਤਾਂ ਲਈ ਆਪਣਾ ਜੋਟੀਦਾਰ ਚੌਧਰੀ ਬਣਾਇਆ ਜਾਵੇ।

ਹਿੰਦੁਸਤਾਨ ਦਾ ਹਾਕਮ ਟੋਲਾ ਅਮਰੀਕਾ ਦੀ ਸੇਵਾ ਲਈ ਬਹੁਤ ਹੀ ਤਿਆਰ ਅਤੇ ਕਾਹਲਾ ਹੈ। ਜਿਸ ਤਰ੍ਹਾਂ ਹਾਕਮ ਟੋਲੇ ਨੇ ਅੰਗ੍ਰੇਜ਼ ਬਸਤੀਵਾਦ ਨਾਲ ਮਿਲ ਕੇ ਲੋਕਾਂ ਦੀ ਲੁੱਟ ਖਸੁੱਟ ਕੀਤੀ ਸੀ ਉਸੇ ਤਰ੍ਹਾਂ ਹੀ ਹੁਣ ਫੇਰ ਹਾਕਮ ਟੋਲਾ ਅਮਰੀਕਾ ਨਾਲ ਮਿਲ ਕੇ ਹਿੰਦੁਸਤਾਨ, ਦੱਖਣੀ ਏਸ਼ੀਆ ਅਤੇ ਹੋਰਨਾਂ ਮੁਲਕਾਂ ਦੇ ਲੋਕਾਂ ਨੂੰ ਲੁੱਟਣਾ ਚਾਹੁੰਦਾ ਹੈ। ਹਾਕਮ ਟੋਲੇ ਦੀ ਲੁੱਟ ਖਸੁੱਟ ਖ਼ਿਲਾਫ਼ ਹਿੰਦੁਸਤਾਨ ਦੇ ਲੋਕ ਲਾਮਬੰਦ ਹੋ ਰਹੇ ਹਨ ਅਤੇ ਇਕ ਵੱਡੇ ਹਿੱਸੇ ਵਿਚ ਹਥਿਆਰਬੰਦ ਘੋਲ ਵੀ ਚਲਾ ਰਹੇ ਹਨ। ਇਨ੍ਹਾਂ ਘੋਲਾਂ ਨੂੰ ਕੁਚਲਣ ਵਿਚ ਅਮਰੀਕਨ ਸਾਮਰਾਜ ਹਾਕਮ ਟੋਲੇ ਦੀ ਬਹੁਤ ਮਦਦ ਕਰ ਰਿਹਾ ਹੈ। ਅਮਰੀਕਨ ਕੰਪਨੀਆਂ ਈਸਟ ਇੰਡੀਆ ਕੰਪਨੀ ਵਾਂਗ ਹੀ ਹਿੰਦੁਸਤਾਨ ਵਿਚ ਲੋਕਾਂ ਨੂੰ ਲੁੱਟ ਰਹੀਆਂ ਹਨ। ਹਾਕਮ ਟੋਲਾ ਅਤੇ ਉਨ੍ਹਾਂ ਦੀ ਰਿਆਸਤ ਇਨ੍ਹਾਂ ਕੰਪਨੀਆਂ ਨੂੰ ਬਹੁਤ ਹੀ ਸਹੂਲਤਾਂ ਦੇ ਰਹੇ ਹਨ। ਹਰ ਛੋਟੇ ਵੱਡੇ ਸ਼ਹਿਰ ਵਿਚ ਅਮਰੀਕਨ ਕੰਪਨੀਆਂ ਲਈ ਕੰਪਿਊਟਰ ਕੁਲੀ ਕੰਮ ਕਰ ਰਹੇ ਹਨ ਜੋ ਕਿ ਦਿਨ ਰਾਤ ਬਹੁਤ ਹੀ ਭੈੜੇ ਹਾਲਾਤ ਵਿਚ ਕੰਮ ਕਰਦੇ ਹਨ।

ਹਿਲਰੀ ਕਲਿੰਟਨ ਨੇ ਆਪਣੇ ਇਸ ਦੌਰੇ ਵਿਚ ਚਿਨਾਈ ਵਿਚ ਇਕ ਤਕਰੀਰ ਵਿਚ ਕਿਹਾ ਕਿ ਅਮਰੀਕਾ ਅਤੇ ਹਿੰਦੁਸਤਾਨ ਦੇ ਸਾਂਝੇ ਟੀਚੇ ਹਨ ਅਤੇ ਹਿੰਦੁਸਤਾਨ ਨੂੰ ਇਸ ਖ਼ਿੱਤੇ ਵਿਚ ਆਪਣੀ ਲੀਡਰਸ਼ਿਪ ਦਾ ਕਿਰਦਾਰ ਅਤੇ ਪਸਾਰ ਹੋਰ ਵਧਾਉਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਹੈ ਕਿ ਅਮਰੀਕਾ ਹਿੰਦੁਸਤਾਨ ਨੂੰ ਇਸ ਖ਼ਿੱਤੇ ਵਿਚ ਇਸਰਾਈਲ ਵਾਂਗ ਚੌਧਰੀ ਬਣਾ ਕੇ ਆਪਣੇ ਹਿਤਾਂ ਦਾ ਰਾਖਾ ਬਣਾ ਰਿਹਾ ਹੈ। ਹਿੰਦੁਸਤਾਨ ਦਾ ਹਾਕਮ ਟੋਲਾ ਅਤੇ ਸਰਕਾਰ ਇਹ ਫਰਜ਼ ਨਿਭਾਉਣ ਨੂੰ ਬਹੁਤ ਕਾਹਲੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਅਮਰੀਕਾ ਦੀ ਛਤਰ-ਛਾਇਆ ਹੇਠ ਉਹ ਇਸ ਖ਼ਿੱਤੇ ਵਿਚ ਮਨਮਾਨੀ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਕੋਈ ਵੀ ਡੱਕਣ ਵਾਲਾ ਨਹੀਂ।

ਅਮਰੀਕਾ ਹਿੰਦੁਸਤਾਨ ਨੂੰ ਏਸ਼ੀਆ ਵਿਚ ਚੀਨ ਦੇ ਖ਼ਿਲਾਫ਼ ਵੀ ਵਰਤਣਾ ਚਾਹੁੰਦਾ ਹੈ। ਏਸ਼ੀਆ ਵਿਚ ਉਸਨੂੰ ਸਿਰਫ਼ ਚੀਨ ਤੋਂ ਹੀ ਡਰ ਹੈ। ਉਹ ਚੀਨ ਨੂੰ ਹਰ ਪਾਸਿਉਂ ਘੇਰਨਾ ਚਾਹੁੰਦਾ ਹੈ। ਉਹ ਹਿੰਦੁਸਤਾਨ ਨੂੰ ਵੀ ਇਸ ਲਈ ਵਰਤਣਾ ਚਾਹੁੰਦਾ ਹੈ। ਇਕ ਪਾਸੇ ਅਫ਼ਗਾਨਿਸਤਾਨ, ਦੂਸਰੇ ਪਾਸੇ ਜਾਪਾਨ, ਫਿਰ ਹਿੰਦੁਸਤਾਨ, ਮੱਧ ਏਸ਼ੀਆ ਵਿਚ ਵੀ ਅਮਰੀਕਾ ਦੇ ਕਈ ਅੱਡੇ ਹਨ। ਪੂਰਬੀ ਏਸ਼ੀਆ ਵਿਚ ਥਾਈਲੈਂਡ ਵਗੈਰਾ ਇਸ ਦੇ ਹੱਥ-ਠੋਕੇ ਹਨ।

ਹੁਣ ਹਿੰਦੁਸਤਾਨ ਵਿਚ ਇਹ ਆਪਣਾ ਦਬਦਬਾ ਵਧਾ ਕੇ ਏਸ਼ੀਆ ਦੀ ਲੁੱਟ ਪੱਕੀ ਕਰਨਾ ਚਾਹੁੰਦਾ ਹੈ। ਪਰ ਹਿੰਦੁਸਤਾਨ ਦੇ ਮਜ਼ਦੂਰ ਕਿਸਾਨ ਅਤੇ ਪਸਮਾਂਦਾ ਲੋਕ ਇਸ ਸਾਰੇ ਬੰਦੋਬਸਤ ਦੇ ਖ਼ਿਲਾਫ਼ ਲਾਮਬੰਦ ਹੋ ਰਹੇ ਹਨ ਕਿਉਂਕਿ ਇਸ ਬੰਦੋਬਸਤ ਨਾਲ ਉਨ੍ਹਾਂ ਦੀ ਲੁੱਟ ਖਸੁੱਟ ਹੋਰ ਵੱਧ ਰਹੀ ਹੈ। ਮੁਲਕ ਦੇ ਇਕ ਵੱਡੇ ਹਿੱਸੇ ਵਿਚ ਲੋਕ ਹਥਿਆਰਬੰਦ ਘੋਲ ਵੀ ਚਲਾ ਰਹੇ ਹਨ। ਮੱਧ ਸ਼ਰੇਣੀ ਦੇ ਇਕ ਹਿੱਸੇ ਨੂੰ ਛੱਡ ਕੇ ਅਮਰੀਕਾ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ। ਉਹ ਜਾਣਦੇ ਹਨ ਕਿ ਅਮਰੀਕਾ ਤਾਂ ਭਸਮਾਸੁਰ ਹੈ, ਜੋ ਜਿਸਨੂੰ ਵੀ ਗੱਲ ਨਾਲ ਲਾਉਂਦਾ ਹੈ ਤਾਂ ਉਹ ਭਸਮ ਹੋ ਜਾਂਦਾ ਹੈ। ਪਾਕਿਸਤਾਨ ਦਾ ਹੀ ਹਾਲ ਵੇਖ ਲਵੋ। ਪਿਛਲੇ 64 ਸਾਲਾਂ ਵਿਚ ਇਸਨੇ ਪਾਕਿਸਤਾਨ ਦਾ ਉਹ ਨਾਸ ਕੀਤਾ ਹੈ ਜਿਸਦਾ ਕੋਈ ਹਿਸਾਬ ਨਹੀਂ। ਮਿਸਰ ਅਤੇ ਇਰਾਕ ਦਾ ਵੀ ਇਸਨੇ ਬਹੁਤ ਭੈੜਾ ਹਾਲ ਕੀਤਾ ਹੈ। ਫੇਰ ਹਿੰਦੁਸਤਾਨ ਕਿਵੇਂ ਬਚ ਸਕਦਾ ਹੈ?